# ਨਗਰ ਨਿਗਮ, ਬਠਿੰਡਾ

**ਬਜਟ ਸਾਲ 20224-2025**

**ਕਾਰਵਾਈ - ਜਨਰਲ ਹਾਊਸ ਦੀ ਬਜਟ ਮੀਟਿੰਗ ਮਿਤੀ 05.02.2024 ਨੂੰ ਸਵੇਰੇ 11.00 ਵਜੇ**

ਅੱਜ ਮਿਤੀ 05.02.2024 ਨੂੰ ਸਵੇਰੇ 11.00 ਵਜੇ ਸ਼੍ਰੀ ਅਸ਼ੋਕ ਕੁਮਾਰ, ਕਾਰਜਕਾਰੀ ਮੇਅਰ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਬਜਟ ਸਾਲ 2024-2025 ਸਬੰਧੀ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਅਮਨਦੀਪ ਕੌਰ | 1 | ਕੌਂਸਲਰ |
| 2 | ਬਲਜੀਤ ਕੌਰ | 3 | ਕੌਂਸਲਰ |
| 3 | ਸੁਖਦੇਵ ਸਿੰਘ | 4 | ਕੌਂਸਲਰ |
| 4 | ਸੋਨੀਆ | 5 | ਕੌਂਸਲਰ |
| 5 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 6 | ਹਰਪਾਲ ਸਿੰਘ ਢਿੱਲੋਂ | 8 | ਕੌਂਸਲਰ |
| 7 | ਵੀਰਪਾਲ ਕੌਰ | 9 | ਕੌਂਸਲਰ |
| 8 | ਗੁਰਦੇਵ ਕੌਰ | 13 | ਕੌਂਸਲਰ |
| 9 | ਵਿਵੇਕ ਗਰਗ | 14 | ਕੌਂਸਲਰ |
| 10 | ਵਿਕਰਮ ਕ੍ਰਾਂਤੀ | 18 | ਕੌਂਸਲਰ |
| 11 | ਮੱਖਣ ਸਿੰਘ | 20 | ਕੌਂਸਲਰ |
| 12 | ਸੰਤੋਸ਼ ਕੁਮਾਰੀ ਮਹੰਤ | 21 | ਕੌਂਸਲਰ |
| 13 | ਸੁਰੇਸ਼ ਕੁਮਾਰ | 22 | ਕੌਂਸਲਰ |
| 14 | ਕਿਰਨ ਰਾਣੀ | 23 | ਕੌਂਸਲਰ |
| 15 | ਕਮਲਜੀਤ ਕੌਰ | 25 | ਕੌਂਸਲਰ |
| 16 | ਸੰਦੀਪ ਕੁਮਾਰ | 26 | ਕੌਂਸਲਰ |
| 17 | ਉਸ਼ਾ ਗੋਇਲ | 27 | ਕੌਂਸਲਰ |
| 18 | ਹਰਮੰਦਰ ਸਿੰਘ | 28 | ਡਿਪਟੀ ਮੇਅਰ |
| 19 | ਰੀਨਾ ਗੁਪਤਾ | 29 | ਕੌਂਸਲਰ |
| 20 | ਬਲਜਿੰਦਰ ਸਿੰਘ | 30 | ਕੌਂਸਲਰ |
| 21 | ਪ੍ਰਵੀਨ ਗਰਗ | 31 | ਕੌਂਸਲਰ |
| 22 | ਨੇਹਾ | 33 | ਕੌਂਸਲਰ |
| 23 | ਜਸਵੀਰ ਸਿੰਘ | 34 | ਕੌਂਸਲਰ |
| 24 | ਮਮਤਾ ਸੈਣੀ | 38 | ਕੌਂਸਲਰ |
| 25 | ਪੁਸ਼ਪਾ ਰਾਣੀ | 39 | ਕੌਂਸਲਰ |
| 26 | ਆਤਮਾ ਸਿੰਘ | 40 | ਕੌਂਸਲਰ |
| 27 | ਕੁਲਵਿੰਦਰ ਕੌਰ | 41 | ਕੌਂਸਲਰ |
| 28 | ਅਨੀਤਾ ਗੋਇਲ | 43 | ਕੌਂਸਲਰ |
| 29 | ਰਤਨ ਰਾਹੀ | 46 | ਕੌਂਸਲਰ |
| 30 | ਕਮਲੇਸ਼ ਮਹਿਰਾ | 49 | ਕੌਂਸਲਰ |
| 31 | ਮਲਕੀਤ ਸਿੰਘ ਗਿੱਲ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਹਾਊਸ ਵਿੱਚ ਮੌਜੂਦ ਕਮਿਸ਼ਨਰ, ਨਗਰ ਨਿਗਮ ਬਠਿੰਡਾ, ਡਿਪਟੀ ਮੇਅਰ, ਕੌਂਸਲਰ ਸਾਹਿਬਾਨ, ਨਗਰ ਨਿਗਮ ਅਤੇ ਨਗਰ ਨਿਗਮ ਦੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਜੀ ਆਇਆ ਆਖਿਆ ਅਤੇ ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਦਾ ਆਦੇਸ਼ ਦਿੱਤਾ।

ਇਸ ਉਪਰੰਤ ਬਜਟ ਸਾਲ 2024-2025 ਸਬੰਧੀ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।

**ਨਗਰ ਨਿਗਮ ਬਠਿੰਡਾ ਦਾ ਸਾਲ 2024-2025 ਦੇ ਬਜੱਟ ਅਨੁਮਾਨ ਦਾ ਸਾਰ।**

**ਆਮਦਨ :**

ਸਾਲ 2024-2025 ਲਈ ਕੁੱਲ ਆਮਦਨ 17537.10 ਲੱਖ ਰੁਪਏ ਤਜਵੀਜ ਕੀਤੀ ਗਈ ਹੈ, ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

(ਰਕਮ ਲੱਖਾਂ ਵਿੱਚ)

| ਲੜੀ ਨੰ: | ਮਦ ਦਾ ਨਾਮ | ਅਸਲ ਆਮਦਨ 2022-23 | ਬਜਟ ਆਮਦਨ 2023-24 | ਅਸਲ ਆਮਦਨ ਅਪਟੂ 31.12.2023 | ਸੰਭਾਵਤ ਆਮਦਨ 2023-24 | ਬਜਟ % | ਸਾਲ 2024-25 ਲਈ ਤਜਵੀਜ ਆਮਦਨ |
|---|---|---|---|---|---|---|---|
| 1 | ਪੰਜਾਬ ਮਿਉਂਸਪਲ ਫੰਡ (ਵੈਟ) | 9080.68 | 10000.00 | 6697.76 | 9550.00 | 96 | 9500.00 |
| 2 | ਪ੍ਰਾਪਰਟੀ ਟੈਕਸ/ਹਾਊਸ ਟੈਕਸ | 1306.59 | 1625.00 | 1497.61 | 1590.33 | 98 | 1800.00 |
| 3 | ਫਾਇਰ ਸੈਸ | 54.10 | 59.50 | 58.92 | 58.98 | 99 | 65.00 |
| 4 | ਕੈਂਸਰ ਸੈਸ | 3.92 | 29.00 | 26.77 | 32.82 | 113 | 30.00 |
| 5 | ਵਿਗਿਆਪਨ ਕਰ | 139.47 | 200.00 | 183.85 | 205.81 | 103 | 225.00 |
| 6 | ਰੈਂਟ | 210.93 | 205.00 | 150.86 | 209.73 | 102 | 230.00 |
| 7 | ਤਹਿਬਜਾਰੀ/ ਰਾਜੀਨਾਮਾ/ਪਾਰਕਿੰਗ | 6.93 | 75.00 | 56.44 | 63.88 | 85 | 75.00 |
| 8 | ਲਾਇਸੰਸ/ਵਹੀਕਲ ਫੀਸ | 26.54 | 24.95 | 26.14 | 40.62 | 163 | 31.00 |
| 9 | ਬਿਲਡਿੰਗ ਫੀਸ | 251.19 | 270.00 | 390.56 | 440.56 | 163 | 400.00 |
| 10 | ਬਿਲਡਿੰਗ ਰਾਜੀਨਾਮਾ | 134.82 | 148.00 | 94.76 | 143.67 | 97 | 150.00 |
| 11 | ਵਿਕਾਸ ਚਾਰਜਜ | 700.89 | 745.00 | 1081.88 | 1133.87 | 152 | 1000.00 |
| 12 | ਚੈਂਜ਼ ਆਫ ਲੈਂਡ ਯੂਜ਼ | 711.89 | 735.00 | 827.64 | 1027.64 | 140 | 1000.00 |
| 13 | ਮਲਬਾ ਫੀਸ (ਬਿਲਡਿੰਗ ਸ਼ਾਖਾ) | 72.75 | 75.50 | 47.17 | 72.17 | 96 | 100.00 |
| 14 | ਵਾਟਰ ਸਪਲਾਈ ਚਾਰਜ਼ਜ਼ (ਬਿਲਡਿੰਗ ਸ਼ਾਖਾ) | 84.08 | 80.00 | 47.70 | 71.70 | 90 | 100.00 |
| 15 | ਬਿਲਡਿੰਗ ਰੈਗੂਲਰਾਈਜ਼ੇਸ਼ਨ | 137.06 | 115.00 | 75.29 | 115.29 | 100 | 125.00 |
| 16 | ਕਾਓ ਸੈਸ | 307.24 | 315.00 | 263.49 | 355.93 | 113 | 325.00 |
| 17 | ਐਕਸਾਈਜ ਡਿਊਟੀ | 570.24 | 550.00 | 492.98 | 657.30 | 120 | 550.00 |
| 18 | ਮਿਉਂਸਪਲ ਬਿਜਲੀ ਕਰ | -- | 180.00 | | | | |
| 19 | ਗਾਰਬੇਜ਼ ਕੁਲੈਕਸ਼ਨ | 391.06 | 408.00 | 327.16 | 427.95 | 105 | 400.00 |
| 20 | ਹੋਰ ਸਾਧਨ | 551.14 | 589.75 | 670.72 | 819.77 | 139 | 710.35 |
| | **ਜੋੜ (ੳ)** | **14741.52** | **16429.70** | **13017.70** | **17018.02** | **105** | **16816.35** |
| 21 | ਵ/ਸ ਅਤੇ ਸੀਵਰੇਜ਼ (ਡਿਮਾਂਡ ਅਤੇ ਬਕਾਇਆਜਾਤ) | 429.14 | 480.00 | 352.77 | 473.83 | 99 | 500.00 |
| 22 | ਵ/ਸ ਅਤੇ ਸੀਵਰੇਜ਼ (ਹੋਰ ਵਸੀਲਿਆਂ ਤੋਂ ਆਮਦਨ) | 199.18 | 199.00 | 147.50 | 247.31 | 124 | 220.75 |
| | **ਜੋੜ (ਅ)** | **628.32** | **679.00** | **500.27** | **721.14** | **106** | **720.75** |
| | **ਕੁੱਲ ਜੋੜ (ੳ+ਅ)** | **15369.84** | **17108.70** | **13517.97** | **17739.16** | **105** | **17537.10** |

ਸਾਲ 2024-2025 ਦੇ ਬਜਟ ਵਿੱਚ ਮੱਦਵਾਰ ਵਾਧੇ/ਘਾਟੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

1. **ਪੰਜਾਬ ਮਿਉਂਸਪਲ ਫੰਡ (ਵੈਟ ਦਾ 11%):**

ਇਸ ਮਦ ਅਧੀਨ ਸਾਲ 2023-2024 ਲਈ ਸਰਕਾਰ ਵੱਲੋਂ 10000.00 ਲੱਖ ਰੁਪਏ ਦੀ ਆਮਦਨ ਪ੍ਰਵਾਨਤ ਕੀਤੀ ਗਈ। ਮਿਤੀ 31.12.2023 ਤੱਕ ਇਸ ਮੱਦ ਅਧੀਨ 6697.76 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2023-2024 ਦੌਰਾਨ ਇਸ ਮੱਦ ਅਧੀਨ 9550.00 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾ ਹੈ, ਜੋ ਬਜਟ ਦਾ 96% ਹੈ। ਸਾਲ 2024-2025 ਵਾਸਤੇ ਇਸ ਮੱਦ ਅਧੀਨ 9500.00 ਲੱਖ ਰੁਪਏ ਤਜਵੀਜ ਕੀਤੀ ਗਈ ਹੈ।

2. **ਪ੍ਰਾਪਰਟੀ ਟੈਕਸ/ਹਾਊਸ ਟੈਕਸ** :

ਮਿਤੀ 01.04.2023 ਨੂੰ ਹਾਊਸ ਟੈਕਸ/ਸਰਵਿਸ ਚਾਰਜ਼ਿਜ਼ ਦਾ ਬਕਾਇਆਜਾਤ 262.13 ਲੱਖ ਰੁਪਏ ਅਤੇ ਡਿਮਾਂਡ/ਸਰਵਿਸ ਚਾਰਜ਼ਿਜ਼ 31.49 ਲੱਖ ਰੁਪਏ, ਕੁੱਲ 293.62 ਲੱਖ ਰੁਪਏ ਸੀ। ਇਸ ਵਿੱਚੋਂ 8.08 ਲੱਖ ਰੁਪਏ ਦੇ ਕੋਰਟ ਕੇਸ ਵੱਖ-ਵੱਖ ਅਦਾਲਤਾਂ ਵਿੱਚ ਚੱਲ ਰਹੇ ਹਨ ਅਤੇ 31.83 ਲੱਖ ਰੁਪਏ ਦੇ ਸਿੱਕ ਯੂਨਿਟ, ਕੁੱਲ 39.91 ਲੱਖ ਰੁਪਏ ਹਨ। ਇਸ ਤਰ੍ਹਾਂ ਮਿਤੀ 01.04.2023 ਨੂੰ ਵਸੂਲਣ ਯੋਗ ਰਕਮ 253.71 ਲੱਖ ਰੁਪਏ ਰਹਿ ਜਾਂਦੇ ਹਨ। ਇਸ ਬਕਾਇਆਜਾਤ ਵਿੱਚੋਂ ਮਿਤੀ 31.12.2023 ਤੱਕ 176.01 ਲੱਖ ਰੁਪਏ ਵਸੂਲ ਹੋ ਚੁੱਕੇ ਹਨ।

ਸਰਕਾਰ ਵੱਲੋਂ ਸਾਲ 2023-2024 ਵਿੱਚ ਹਾਊਸ ਟੈਕਸ ਅਤੇ ਪ੍ਰਾਪਰਟੀ ਟੈਕਸ ਦਾ 1625.00 ਲੱਖ ਰੁਪਏ ਦਾ ਬਜਟ ਟੀਚਾ ਪ੍ਰਵਾਨ ਕੀਤਾ ਗਿਆ ਸੀ। ਮਿਤੀ 31.12.2023 ਤੱਕ ਬਕਾਇਆ ਅਤੇ ਚਾਲੂ ਸਾਲ ਦੇ ਪ੍ਰਾਪਰਟੀ ਟੈਕਸ, ਸਰਵਿਸ ਚਾਰਜ਼ਿਜ਼ ਵਿੱਚੋਂ 1497.61 ਲੱਖ ਰੁਪਏ ਵਸੂਲ ਹੋਏ ਹਨ ਅਤੇ ਮਿਤੀ 31.03.2024 ਤੱਕ ਪ੍ਰਾਪਰਟੀ ਟੈਕਸ ਵਿੱਚੋਂ 1590.33 ਲੱਖ ਰੁਪਏ ਆਮਦਨ ਪ੍ਰਾਪਤ ਹੋਣ ਦੀ ਸੰਭਾਵਨਾਂ ਹੈ। ਸਾਲ 2024-2025 ਦੌਰਾਨ ਉਕਤ ਅਨੁਸਾਰ ਹਾਊਸ ਟੈਕਸ/ਸਰਵਿਸ ਚਾਰਜ਼ਿਜ਼ ਅਤੇ ਪ੍ਰਾਪਰਟੀ ਟੈਕਸ ਦੀ ਕੁੱਲ 1800.00 ਲੱਖ ਰੁਪਏ ਆਮਦਨ ਤਜਵੀਜ ਕੀਤੀ ਜਾਂਦੀ ਹੈ।

3. **ਫਾਇਰ ਸੈਸ**

ਫਾਇਰ ਸੈਸ ਦੀ ਮੱਦ ਅਧੀਨ ਸਾਲ 2023-2024 ਲਈ 59.50 ਲੱਖ ਰੁਪਏ ਦਾ ਬਜਟ ਪ੍ਰਵਾਨ ਹੈ। ਮਿਤੀ 31.12.2023 ਤੱਕ ਇਸ ਮੱਦ ਅਧੀਨ 58.92 ਲੱਖ ਰੁਪਏ ਦੀ ਵਸੂਲੀ ਹੋ ਚੁੱਕੀ ਹੈ। ਸਾਲ 2023-2024 ਦੌਰਾਨ 58.98 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ, ਜੋ ਕਿ ਬਜਟ ਦਾ 99% ਹੈ। ਸਾਲ 2024-2025 ਲਈ ਇਸ ਮੱਦ ਅਧੀਨ 65.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

4. **ਕੈਂਸਰ ਸੈਸ**

ਨਗਰ ਨਿਗਮ ਦੇ ਜਨਰਲ ਹਾਊਸ ਦੀ ਮਿਤੀ 28.09.2022 ਨੂੰ ਹੋਈ ਮੀਟਿੰਗ ਵਿੱਚ ਕਰਦਾਤਾਵਾਂ ਤੋਂ 2% ਕੈਂਸਰ ਸੈਸ ਵਸੂਲਣ ਲਈ ਮਤਾ ਨੰਬਰ 136 ਪ੍ਰਵਾਨ ਕੀਤਾ ਗਿਆ ਸੀ।ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਜੀ ਵੱਲੋਂ ਆਪਣੇ ਪੱਤਰ ਨੰਬਰ ਸ5-ਡਸਸ-ਮਸਸ-22/41397 ਮਿਤੀ 18.10.2022 ਰਾਹੀਂ ਸੂਚਿਤ ਕੀਤਾ ਗਿਆ ਹੈ ਕਿ ਇਸ ਮਤੇ ਸਬੰਧੀ ਜਨਰਲ ਮੈਨੇਜ਼ਰ PMIDC ਤੋਂ ਟਿੱਪਣੀ ਮੰਗੀ ਗਈ ਹੈ। ਨਗਰ ਨਿਗਮ ਵੱਲੋਂ ਕਰਦਾਤਾਵਾਂ ਤੋਂ 2% ਕੈਂਸਰ ਸੈਸ ਮਿਤੀ 01.11.2022 ਤੋਂ ਵਸੂਲ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਮਿਤੀ 31.12.2023 ਤੱਕ 26.77 ਲੱਖ ਰੁਪਏ ਕੈਂਸਰ ਸੈਸ ਪ੍ਰਾਪਤ ਹੋ ਚੁੱਕੇ ਹਨ। ਸਾਲ 2023-2024 ਦੌਰਾਨ 32.82 ਲੱਖ ਰੁਪਏ ਪ੍ਰਾਪਤ ਹੋਣ ਦੀ ਸੰਭਾਵਨਾਂ ਹੈ। ਸਾਲ 2024-2025 ਲਈ ਇਸ ਮੱਦ ਅਧੀਨ 30.00 ਲੱਖ ਰੁਪਏ ਆਮਦਨ ਤਜਵੀਜ ਕੀਤੀ ਜਾਂਦੀ ਹੈ।

5. **ਵਿਗਿਆਪਨ ਕਰ**

ਸਾਲ 2023-2024 ਲਈ ਇਸ ਮੱਦ ਅਧੀਨ 200.00 ਲੱਖ ਰੁਪਏ ਦੀ ਆਮਦਨ ਰਖੀ ਹੋਈ ਹੈ। ਇਸ ਮਦ ਅਧੀਨ ਮਿਤੀ 31.12.2023 ਤੱਕ 183.85 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2023-2024 ਦੌਰਾਨ 205.81 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2024-2025 ਲਈ ਇਸ ਮੱਦ ਅਧੀਨ -225.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

*6.* **ਰੈਂਟ :**

ਇਸ ਮੱਦ ਅਧੀਨ ਮਿਤੀ 01.04.2023 ਨੂੰ 63.82 ਲੱਖ ਰੁਪਏ ਬਕਾਇਆਜਾਤ ਅਤੇ ਸਾਲ 2023-2024 ਲਈ 179.25 ਲੱਖ ਰੁਪਏ ਡਿਮਾਂਡ ਕੁੱਲ 243.07 ਲੱਖ ਰੁਪਏ ਰੱਖੇ ਗਏ ਸਨ, ਜਿਸ ਵਿੱਚੋਂ 17.99 ਲੱਖ ਰੁਪਏ ਦੇ ਪੀ.ਪੀ.ਐਕਟ ਅੀਧਨ ਕੇਸ ਚੱਲ ਰਹੇ ਹਨ। ਇਸ ਤਰ੍ਹਾਂ 225.08 ਲੱਖ ਰੁਪਏ ਬਕਾਇਆ ਵਸੂਲਣਯੋਗ ਰਕਮ ਸੀ। ਇਸ ਵਿੱਚੋਂ ਮਿਤੀ 31.12.2023 ਤੱਕ 150.86 ਲੱਖ ਰੁਪਏ ਦੀ ਵਸੂਲੀ ਹੋ ਚੁੱਕੀ ਹੈ ਅਤੇ ਸਾਲ 2023-2024 ਦੌਰਾਨ 209.73 ਲੱਖ ਰੁਪਏ ਦੀ ਵਸੂਲੀ ਹੋਣ ਦੀ ਸੰਭਾਵਨਾ ਹੈ। ਨਗਰ ਨਿਗਮ ਦੀਆਂ ਕਿਰਾਏ ਤੇ ਦਿੱਤੀਆਂ ਦੁਕਾਨਾਂ, ਬੈਂਕ ਬਿਲਡਿੰਗ, ਚਿਲਡਰਨ ਪਾਰਕ, ਅੱਪੂ ਘਰ, ਰੋਜ਼ ਗਾਰਡਨ ਕੰਨਟੀਨ, ਜੋਗਰ ਪਾਰਕ ਦੇ ਕਿਰਾਏ ਤੋਂ ਸਾਲ 2024-2025 ਵਿੱਚ 230.00 ਲੱਖ ਰੁਪਏ ਸੰਭਾਵਤ ਆਮਦਨ ਤਜਵੀਜ ਕੀਤੀ ਜਾਂਦੀ ਹੈ।

7. **ਤਹਿਬਜਾਰੀ (ਰਾਜੀਨਾਮਾ ਫੀਸ)/ਪਾਰਕਿੰਗ ਫੀਸ** :

ਇਸ ਮਦ ਅਧੀਨ ਸਾਲ 2023-2024 ਲਈ 75.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2023 ਤੱਕ ਇਸ ਮੱਦ ਅਧੀਨ 56.44 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2023-2024 ਦੋਰਾਨ 63.88 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾ ਹੈ। ਸਾਲ 2024-2025 ਲਈ ਇਸ ਮਦ ਅਧੀਨ 75.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

8. **ਲਾਇਸੰਸ/ਵਹੀਕਲ ਫੀਸ** :

ਇਸ ਮਦ ਅਧੀਨ ਸਾਲ 2023-2024 ਲਈ 24.95 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 30.11.2023 ਤੱਕ ਇਸ ਮੱਦ ਅਧੀਨ 24.67 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2023-2024 ਦੋਰਾਨ ਇਸ ਮਦ ਅਧੀਨ 40.62 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਣ ਦੀ ਸੰਭਾਵਨਾਂ ਹੈ। ਸਾਲ 2024-2025 ਲਈ ਇਸ ਮਦ ਅਧੀਨ 31.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

9. **ਬਿਲਡਿੰਗ ਫੀਸ** :

ਇਸ ਮਦ ਅਧੀਨ ਸਾਲ 2023-2024 ਲਈ 270.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 30.11.2023 ਤੱਕ ਇਸ ਮੱਦ ਅਧੀਨ 390.56 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2023-2024 ਦੋਰਾਨ 440.56 ਲੱਖ ਰਪਏ ਦੀ ਆਮਦਨ ਪ੍ਰਾਪਤ ਹੋਣ ਦੀ ਸੰਭਾਵਨਾਂ ਹੈ। । ਸਾਲ 2023-2024 ਦੋਰਾਨ ਪਾਪਰ ਐਕਟ 1995 ਅਧੀਨ ਡਿਵੈਲਪ ਹੋ ਰਹੀਆਂ ਕਲੋਨੀਆਂ ਤੋਂ CLU, EDC/DC, Bld. Fee/ Permission fee ਆਦਿ ਤੋਂ ਕਾਫੀ ਚਾਰਜ਼ਿਜ਼ ਪ੍ਰਾਪਤ ਹੋਏ ਹਨ। ਸਾਲ 2024-2025 ਦੋਰਾਨ ਇਸ ਮੱਦ ਅਧੀਨ 400.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

10. **ਬਿਲਡਿੰਗ ਰਾਜੀਨਾਮਾ ਫੀਸ** :

ਸਾਲ 2023-2024 ਲਈ 148.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2023 ਤੱਕ ਇਸ ਮੱਦ ਅਧੀਨ 94.76 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2023-2024 ਦੋਰਾਨ 143.67 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਣ ਦੀ ਸੰਭਾਵਨਾਂ ਹੈ। ਸਾਲ 2024-2025 ਵਿੱਚ ਇਸ ਮਦ ਅਧੀਨ 150.00 ਲੱਖ ਰੁਪਏ ਆਮਦਨ ਤਜਵੀਜ ਕੀਤੀ ਜਾਂਦੀ ਹੈ।

11. **ਵਿਕਾਸ ਚਾਰਜਜ** :

ਇਸ ਮਦ ਅਧੀਨ ਸਾਲ 2023-2024 ਲਈ 745.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ।ਮਿਤੀ 31.12.2023 ਤੱਕ ਇਸ ਮੱਦ ਅਧੀਨ 1081.88 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2023-2024 ਦੋਰਾਨ ਇਸ ਮਦ ਅਧੀਨ 1133.87 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਣ ਦੀ ਸੰਭਾਵਨਾਂ ਹੈ, ਜੋ ਕਿ ਬਜਟ ਦਾ 152% ਹੈ। ਸਾਲ 2024-2025 ਲਈ ਇਸ ਮੱਦ 1000.00 ਲੱਖ ਰੁਪਏ ਆਮਦਨ ਤਜਵੀਜ ਕੀਤੀ ਜਾਂਦੀ ਹੈ।

12. **ਚੈਂਜ਼ ਆਫ ਲੈਂਡ ਯੂਜ਼ :**

ਇਸ ਮਦ ਅਧੀਨ ਸਾਲ 2023-2024 ਲਈ 735.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2023 ਤੱਕ ਇਸ ਮੱਦ ਅਧੀਨ 827.64 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2023-2024 ਦੋਰਾਨ ਇਸ ਮਦ ਅਧੀਨ 1027.64 ਲੱਖ ਰੁਪਏ ਆਮਦਨ ਪ੍ਰਾਪਤ ਹੋਣ ਦੀ ਸੰਭਾਵਨਾਂ ਹੈ।ਸਾਲ 2024-2025 ਲਈ ਇਸ ਮੱਦ ਅਧੀਨ 1000.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

13. **ਮਲਬਾ ਫੀਸ (ਬਿਲਡਿੰਗ ਸ਼ਾਖਾ)** :

ਸਾਲ 2023-2024 ਦੋਰਾਨ ਇਸ ਮਦ ਅਧੀਨ 75.50 ਲੱਖ ਰੁਪਏ ਦਾ ਨਿਗਮ ਵੱਲੋਂ ਬਜਟ ਟੀਚਾ ਰੱਖਿਆ ਗਿਆ ਸੀ। ਮਿਤੀ 31.12.2023 ਤੱਕ ਇਸ ਮੱਦ ਅਧੀਨ 47.17 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2023-2024 ਦੋਰਾਨ 72.17 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਣ ਦੀ ਸੰਭਾਵਨਾਂ ਹੈ। ਸਾਲ 2024-2025 ਲਈ ਇਸ ਮਦ ਅਧੀਨ 100.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

14. **ਵਾਟਰ ਸਪਲਾਈ ਚਾਰਜ਼ਜ਼ (ਬਿਲਡਿੰਗ ਸ਼ਾਖਾ)** :

ਸਾਲ 2023-2024 ਦੋਰਾਨ ਇਸ ਮਦ ਅਧੀਨ 80.00 ਲੱਖ ਰੁਪਏ ਦੀ ਬਜਟ ਆਮਦਨ ਪ੍ਰਵਾਨ ਹੈ। ਮਿਤੀ 31.12.2023 ਤੱਕ ਇਸ ਮੱਦ ਅਧੀਨ 47.70 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2023-2024 ਦੋਰਾਨ 71.70 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਣ ਦੀ ਸੰਭਾਵਨਾਂ ਹੈ। ਸਾਲ 2024-2025 ਲਈ ਇਸ ਮਦ ਅਧੀਨ 100.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

15. **ਬਿਲਡਿੰਗ ਰੈਗੂਲਰਾਈਜ਼ੇਸ਼ਨ:**

ਸਾਲ 2023-2024 ਦੋਰਾਨ ਇਸ ਮੱਦ ਅਧੀਨ 115.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2023 ਤੱਕ ਇਸ ਮੱਦ ਅਧੀਨ 75.29 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2023-2024 ਦੋਰਾਨ ਇਸ ਮੱਦ ਅਧੀਨ 115.29 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਣ ਦੀ ਸੰਭਾਵਨਾਂ ਹੈ। ਸਾਲ 2024-2025 ਲਈ ਇਸ ਮੱਦ 125.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

16. **ਕਾਊ ਸੈਸ:**

ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 6/80/2013-5ਸਸ1/225136/3-11 ਮਿਤੀ 22.05.2014 ਅਨੁਸਾਰ ਨਗਰ ਨਿਗਮ ਬਠਿੰਡਾ ਵੱਲੋਂ ਦੀ ਪੰਜਾਬ ਪਰੋਹਿਬਸ਼ੇਨ ਆਫ ਕਾਓਜ਼ ਸਲਾਟਰ ਐਕਟ 1955 (15 ਤੋਂ 1956) ਦੀ ਧਾਰਾ 7 ਅਧੀਨ ਆਪਣੇ ਮਤਾ ਨੰਬਰ 5 ਮਿਤੀ 05.08.2013 ਰਾਹੀ ਕਾਓ ਸੈਸ ਲਗਾਉਣਾ ਪ੍ਰਵਾਨ ਕੀਤਾ ਹੈ। ਇਸ ਸਬੰਧੀ ਤੇਲ ਟੈਂਕਰ, ਸ਼ਰਾਬ ਅੰਗਰੇਜੀ, ਸ਼ਰਾਬ ਦੇਸੀ, ਸੀਮਿੰਟ ਪ੍ਰਤੀ ਬੈਗ, ਬਿਜਲੀ ਪ੍ਰਤੀ ਯੂਨਿਟ, ਮੈਰਿਜ ਪੈਲੇਸ, ਫੋਰ ਵੀਲਰ ਅਤੇ ਟੂ ਵੀਲਰ ਦੀ ਹੋਣ ਵਾਲੀ ਵਿਕਰੀ ਤੇ ਕਾਊ ਸੈਸ ਚਾਰਜ਼ ਕੀਤਾ ਜਾਣਾ ਹੈ। ਸਾਲ 2023-2024 ਲਈ 315.00 ਲੱਖ ਰੁਪਏ ਦੇ ਮਿੱਥੇ ਟੀਚੇ ਵਿਰੁੱਧ ਸਾਲ 2023-2024 ਦੋਰਾਨ 355.93 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2024-2025 ਲਈ ਇਸ ਮੱਦ ਅਧੀਨ 325.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

17. **ਐਕਸਾਇਜ ਡਿਊਟੀ** :

ਸਾਲ 2023-2024 ਲਈ ਇਸ ਮਦ ਅਧੀਨ 550.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਸੀ। ਮਿਤੀ 31.12.2023 ਤੱਕ ਇਸ ਮੱਦ ਅਧੀਨ 492.98 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2023-2024 ਦੋਰਾਨ 657.30 ਲੱਖ ਰੁਪਏ ਪ੍ਰਾਪਤ ਹੋਣ ਦੀ ਸੰਭਾਵਨਾਂ ਹੈ। ਸਾਲ 2024-2025 ਲਈ ਇਸ ਮੱਦ ਅਧੀਨ 550.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

18. **ਮਿਉਂਸਪਲ ਬਿਜਲੀ ਕਰ**:

ਮਹੀਨਾ ਅਕਤੂਬਰ 2021 ਵਿੱਚ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰਬਰ 05/50/2017-5LG4/2609 ਮਿਤੀ 21.10.2021 ਅਨੁਸਾਰ ਨਗਰ ਨਿਗਮ ਦੇ ਵਾਟਰ ਸਪਲਾਈ ਸਕੀਮਾਂ ਨਾਲ ਸਬੰਧਤ ਬਿਜਲੀ ਬਿੱਲ ਸਰਕਾਰ ਪੱਧਰ ਤੇ ਭਰਨ ਦਾ ਫੈਸਲਾ ਕੀਤਾ ਗਿਆ ਸੀ। ਇਸ ਉਪਰੰਤ ਪੰਜਾਬ ਸਰਕਾਰ ਪਾਸੋਂ ਕੋਈ ਵੀ ਬਿਜਲੀ ਬਿੱਲ ਨਹੀਂ ਭਰਿਆ ਗਿਆ, ਬਲਕਿ ਪੀ.ਐਸ.ਪੀ.ਸੀ.ਐਲ ਹਰ ਮਹੀਨੇ ਪਿਚਲਾ ਬਕਾਇਆ ਜੋੜ ਕੇ ਨਗਰ ਨਿਗਮ ਨੂੰ ਬਿੱਲ ਭੇਜ ਰਿਹਾ ਹੈ। ਹੁਣ ਪੰਜਾਬ ਸਰਕਾਰ ਦੇ ਪੱਤਰ ਨੰਬਰ ਲੇਖਾ-2-ਉਕਵਲ-ਡਸਸ/22/30076-283 ਮਿਤੀ 26.08.2022 ਰਾਹੀਂ ਹਦਾਇਤ ਕੀਤੀ ਹੈ ਕਿ ਮਾਹ ਅਕਤੂਬਰ 2021 ਤੋਂ ਬਾਅਦ ਦੇ ਬਿਜਲੀ ਬਿਲ ਨਗਰ ਨਿਗਮ ਵੱਲੋਂ ਭਰੇ ਜਾਣ। ਪੀ.ਐਸ.ਪੀ.ਸੀ.ਐਲ. ਤੋਂ ਮਾਹ ਦਸੰਬਰ 2022 ਤੱਕ ਦੇ ਬਿਜਲੀ ਬਿੱਲ ਪ੍ਰਾਪਤ ਹੋਏ ਹਨ, ਜਿੰਨ੍ਹਾਂ ਦੀ ਕੁੱਲ ਰਾਸ਼ੀ 5,71,85,780/- ਰੁਪਏ ਬਣਦੀ ਹੈ। ਪੀ.ਐਸ.ਪੀ.ਸੀ.ਐਲ ਦੇ ਪੱਤਰ ਨੰਬਰ 11823 ਮਿਤੀ 09.08.2022 ਅਨੁਸਾਰ 30.06.2022 ਤੱਕ ਮਿਉਂਸਪਲ ਟੈਕਸ ਦੀ ਕੁੱਲ ਰਕਮ 7,16,16,522/- ਰੁਪਏ ਦੇ ਫੰਡ ਨਗਰ ਨਿਗਮ ਬਠਿੰਡਾ ਨੇ ਪੀ.ਐਸ.ਪੀ.ਸੀ.ਐਲ. ਤੋਂ ਲੈਣੇ ਹਨ। ਇਹ ਵੀ ਦਸਣਯੋਗ ਹੈ ਕਿ ਬਿਜਲੀ ਬੋਰਡ ਵੱਲੋਂ ਬਿਜਲੀ ਬਿਲਾਂ ਵਿੱਚ ਸ਼ਹਿਰ ਵਾਸੀਆਂ ਪਾਸੋਂ 2 ਪੈਸੇ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਚਾਰਜ਼ਿਜ਼ ਲਏ ਜਾ ਰਹੇ ਹਨ, ਜੋ ਕਿ ਨਗਰ ਨਿਗਮ ਵਿਖੇ ਜਮ੍ਹਾਂ ਕਰਵਾਉਣੇ ਹੁੰਦੇ ਹਨ। ਸਾਲ 2023-2024 ਲਈ ਇਸ ਮੱਦ ਅਧੀਨ 180.00 ਲੱਖ ਰੁਪਏ ਦਾ ਬਜਟ ਪ੍ਰਵਾਨ ਹੈ। ਪ੍ਰੰਤੂ ਮਾਹ ਨਵੰਬਰ 2023 ਤੱਕ ਇਸ ਸਬੰਧੀ ਨਗਰ ਨਿਗਮ ਨੂੰ ਕੋਈ ਵੀ ਆਮਦਨ ਪ੍ਰਾਪਤ ਨਹੀਂ ਹੋਈ ਅਤੇ ਨਾ ਹੀ ਸਾਲ 2023-24 ਦੋਰਾਨ ਇਸ ਮੱਦ ਤੋਂ ਕੋਈ ਆਮਦਨ ਹੋਣ ਦੀ ਉਮੀਦ ਹੈ। ਇਸਦੇ ਮੱਦੇ ਨਜ਼ਰ ਸਾਲ 2024-2025 ਲਈ ਕੋਈ ਵੀ ਆਮਦਨ ਤਜਵੀਜ ਨਹੀਂ ਕੀਤੀ ਜਾਂਦੀ।

19. **ਗਾਰਬੇਜ਼ ਕੁਲੈਕਸ਼ਨ** :

ਗਾਰਬੇਜ਼ ਕੂਲੈਕਸ਼ਨ ਅਧੀਨ ਸਾਲ 2022-2023 ਦੋਰਾਨ ਇਸ ਮੱਦ ਤੋਂ 391.06 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਈ ਸੀ। ਸਾਲ 2023-2024 ਲਈ ਰੱਖੇ ਬਜਟ 408.00 ਲੱਖ ਰੁਪਏ ਵਿਰੁੱਧ ਮਿਤੀ 31.12.2023 ਤੱਕ 327.16 ਲੱਖ ਰੁਪਏ ਪ੍ਰਾਪਤ ਹੋਈ ਹੈ ਅਤੇ ਸਾਲ 2023-2024 ਦੋਰਾਨ ਇਸ ਮੱਦ ਤੋਂ 427.95 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਣ ਦੀ ਸੰਭਾਵਨਾਂ ਹੈ। ਸਾਲ 2024-2025 ਲਈ ਗਾਰਬੇਜ਼ ਕੂਲੈਕਸ਼ਨ ਤੋਂ 400.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

20. **ਹੋਰ ਸਾਧਨ** :

ਇਸ ਮਦ ਅਧੀਨ ਸਾਲ 2022-2023 ਦੋਰਾਨ 551.14 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਈ ਸੀ। ਸਾਲ 2023-2024 ਲਈ 589.75 ਲੱਖ ਰੁਪਏ ਦੀ ਆਮਦਨ ਬਜਟ ਵਿਚ ਰਖੀ ਸੀ, ਜਿਸ ਵਿਚ ਸ਼ੌਅ ਟੈਕਸ, ਮੰਨੋਰੰਜਨ ਕਰ, ਸਲਾਟਰ, ਮੁਰਦਾ ਪਸ਼ੂ, ਪਿਓਰ ਫੁਡ, ਫਾਇਰ ਕਾਲ ਚਾਰਜਜ, ਬੈਂਕਾ ਤੋਂ ਪ੍ਰਾਪਤ ਸੇਵਿੰਗ ਖਾਤਿਆਂ ਤੇ ਵਿਆਜ਼, ਵ/ਸ ਫੁਟਕਲ ਅਤੇ ਅਨਕਲਾਸੀਫਾਇਡ ਚਾਰਜਜ ਆਦਿ ਵੀ ਸ਼ਾਮਲ ਹਨ। ਵਰਨਣਯੋਗ ਹੈ ਕਿ ਬਠਿੰਡਾ ਸ਼ਹਿਰ ਵਿਖੇ ਨਿੱਜੀ ਕੰਪਨੀ ਦੁਆਰਾ ਗੈਸ ਪਾਈਪ ਲਾਈਨ ਪਾਈ ਜਾ ਰਹੀ ਹੈ। ਇਸ ਨਾਲ ਰੋਡ ਕਟਿੰਗ, ਸਲਾਨਾ ਕਿਰਾਇਆ ਅਤੇ ਰਿਸਟੋਰੇਸ਼ਨ ਆਫ ਚਾਰਜ਼ਜ਼ ਤੋਂ ਪ੍ਰਾਪਤ ਆਮਦਨ ਹੋਣ ਨਾਲ ਮਿਤੀ 31.12.2023 ਤੱਕ ਇਸ ਮੱਦ ਅਧੀਨ 670.72 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2023-2024 ਵਿਚ ਇਸ ਮੱਦ ਅਧੀਨ 819.77 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਣ ਦੀ ਸੰਭਾਵਨਾਂ ਹੈ। ਸਾਲ 2024-2025 ਲਈ ਇਸ ਮੱਦ ਅਧੀਨ 710.35 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

20 ਅਤੇ 21 **ਵਾਟਰ ਸਪਲਾਈ ਅਤੇ ਸੀਵਰੇਜ :**

ਬਠਿੰਡਾ ਸ਼ਹਿਰ ਵਿਖੇ ਹਾਲ ਦੀ ਘੜੀ ਪਾਣੀ ਦੇ 39951 ਕੁਨੈਕਸ਼ਨ ਅਤੇ ਸੀਵਰ ਦੇ 40172 ਕੁਨੈਕਸ਼ਨ ਕੁੱਲ 80123 ਕੁਨੈਕਸ਼ਨ ਹਨ। ਸਰਕਾਰ ਦੀ ਪਾਲਿਸੀ ਅਨੁਸਾਰ 125 ਵ: ਗੱਜ਼ ਤੱਕ ਦੇ ਤਕਰੀਬਨ 26880 ਮਕਾਨਾਂ ਨੂੰ ਪਾਣੀ ਅਤੇ ਸੀਵਰ ਦੇ ਬਿਲਾਂ ਤੋਂ ਛੋਟ ਦਿੱਤੀ ਹੋਈ ਹੈ। ਹਾਲ ਦੀ ਘੜੀ 5926 ਕੁਨੈਕਸ਼ਨ ਬੰਦ ਹਨ। ਇਸ ਤਰ੍ਹਾਂ ਨਾਲ ਕੁੱਲ 47317 ਕੁਨੈਕਸ਼ਨਾਂ ਤੋਂ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਬਿਲਾਂ ਤੋਂ ਆਮਦਨ ਪ੍ਰਾਪਤ ਹੋ ਰਹੀ ਹੈ।ਸਾਲ 2023-2024 ਲਈ ਰੱਖੇ ਬਜਟ 480.00 ਲੱਖ ਰੁਪਏ ਵਿਰੁੱਧ ਮਿਤੀ 31.12.2023 ਤੱਕ ਇਸ ਮੱਦ ਅਧੀਨ 352.77 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਮਿਤੀ 31.03.2024 ਤੱਕ ਇਸ ਮੱਦ ਅਧੀਨ 473.83 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਇਸ ਲਈ ਸਾਲ 2024-2025 ਲਈ ਇਸ ਮੱਦ ਵਿਰੁੱਧ 500.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

ਹੋਰ ਮੱਦਾਂ ਜਿਵੇਂ ਕਿ ਰੋਡ ਕਟਿੰਗ ਚਾਰਜ਼ਜ਼, ਕੁਨੈਕਸ਼ਨ ਫੀਸ, ਵਾਟਰ ਸਪਲਾਈ ਮਿਸਲੇਨੀਅਸ ਅਤੇ ਸ਼ੇਅਰ ਕਾਸਟ ਦੇ ਸਾਲ 2023-2024 ਵਿੱਚ ਪਾਸ ਕੀਤੇ ਬਜਟ 198.00 ਲੱਖ ਰੁਪਏ ਵਿਰੁੱਧ ਮਿਤੀ 31.03.2024 ਤੱਕ 247.31 ਲੱਖ ਰੁਪਏ ਆਮਦਨ ਪ੍ਰਾਪਤ ਹੋਣ ਦੀ ਸੰਭਾਵਨਾਂ ਹੈ। ਸਾਲ 2024-2025 ਲਈ ਇਸ ਮੱਦ ਵਿਰੁੱਧ 220.75 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

# ਖਰਚਾ

**ਕਮਿਟਡ ਖਰਚਾ (ਵਚਨਬੱਧ ਖਰਚੇ):**

1. **ਅਮਲਾ (ਸਟਾਫ ਦੀਆਂ ਤਨਖਾਹਾਂ):**

ਇਸ ਮਦ ਅਧੀਨ ਸਾਲ 2023-2024 ਦੇ ਬਜਟ ਵਿੱਚ 9120.39 ਲੱਖ ਰੁਪਏ ਦਾ ਖਰਚਾ ਪ੍ਰਵਾਨ ਕੀਤਾ ਗਿਆ ਸੀ, ਜਿਸ ਵਿੱਚੋਂ ਮਿਤੀ 31.12.2023 ਤੱਕ 7747.26 ਲੱਖ ਰੁਪਏ ਖਰਚ ਹੋ ਚੁੱਕੇ ਹਨ ਅਤੇ ਸਾਲ 2023-2024 ਦੋਰਾਨ 9928.26 ਲੱਖ ਰੁਪਏ ਖਰਚ ਹੋਣ ਦੀ ਸੰਭਾਵਨਾਂ ਹੈ। ਸਾਲ 2024-2025 ਲਈ ਇਸ ਮਦ ਅਧੀਨ ਮੰਜੂਰਸ਼ੁਦਾ ਆਸਾਮੀਆਂ ਤੇ 9139.85 ਲੱਖ ਰੁਪਏ, ਸਰਕਾਰ ਵੱਲੋਂ ਪੈਨਸ਼ਨ ਕੰਟਰੀਬਿਊਸ਼ਨ ਦੀ ਕਟੋਤੀ ਵੈਟ ਵਿੱਚੋਂ ਕਰਨ ਤੇ ਆਉਣ ਵਾਲੇ ਖਰਚੇ 1900.00 ਲੱਖ ਰੁਪਏ ਨੂੰ ਜੋੜ੍ਹਦੇ ਹੋਏ ਕੁੱਲ 11039.85 ਲੱਖ ਰੁਪਏ ਦਾ ਖਰਚਾ ਤਜਵੀਜ ਕੀਤਾ ਗਿਆ ਹੈ। ਇਸ ਖਰਚੇ ਵਿਚ ਕਰਮਚਾਰੀ ਦੀਆਂ ਤਨਖਾਹਾਂ, ਸਲਾਨਾ ਤਰੱਕੀ, ਮਹਿੰਗਾਈ ਭੱਤੇ ਦੀ ਕਿਸ਼ਤ, ਗਰੈਚੂਟੀ, ਲੀਵ ਇਨਕੈਸ਼ਮੈਂਟ, ਮੈਡੀਕਲ ਭੱਤਾ, ਐਲ.ਟੀ.ਸੀ ਅਤੇ ਏਰੀਅਰ ਸ਼ਾਮਲ ਹਨ।

2. **ਕੰਟੀਜੈਨਸੀ (ਅਚਨਚੇਤ ਖਰਚੇ) :**

ਇਸ ਮਦ ਅਧੀਨ ਸਾਲ 2023-2024 ਲਈ 146.25 ਲੱਖ ਰੁਪਏ ਦਾ ਖਰਚਾ ਪ੍ਰਵਾਨ ਹੈ। ਸਾਲ 2023-2024 ਦੋਰਾਨ 156.63 ਲੱਖ ਰੁਪਏ ਖਰਚ ਹੋਣ ਦੀ ਸੰਭਾਵਨਾਂ ਹੈ। ਸਾਲ 2024-2025 ਲਈ ਇਸ ਮੱਦ ਵਿਰੁੱਧ 210.00 ਲੱਖ ਰੁਪਏ ਦਾ ਖਰਚਾ ਤਜਵੀਜ ਕੀਤਾ ਜਾਂਦਾ ਹੈ, ਜਿਸਦੀ ਵਿਸਥਾਰਪੂਰਵਕ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਮੱਦ ਦਾ ਨਾਮ | ਅਸਲ ਖਰਚਾ | ਬਜਟ | ਅਸਲ ਖਰਚਾ ਅਪਟੂ 31.12.2023 | 2023-2024 ਦੋਰਾਨ ਸੰਭਾਵਤ ਖਰਚਾ | ਤਜਵੀਜ ਖਰਚਾ ਸਾਲ 2024-2025 |
|---|---|---|---|---|---|---|
| | | 2022-2023 | 2023-2024 | | | 2023-24 |
| 1 | ਸਟੇਸ਼ਨਰੀ | 18.21 | 19.00 | 7.88 | 19.82 | 25.00 |
| 2 | ਦਫਤਰ ਦੇ ਬਿਜਲੀ ਬਿਲ | 17.56 | 19.00 | 12.72 | 17.89 | 25.00 |
| 3 | ਡੀਜ਼ਲ ਅਤੇ ਪੈਟ੍ਰੋਲ | 39.91 | 47.00 | 18.16 | 25.31 | 40.00 |
| 4 | ਵਹੀਕਲਾਂ ਦੀ ਮੁਰਮੰਤ | 6.84 | 7.00 | 4.05 | 6.97 | 10.00 |
| 5 | ਟੈਲੀਫੋਨ ਖਰਚਾ | 4.16 | 4.60 | 2.99 | 3.71 | 5.00 |
| 6 | ਕੰਪਿਊਟਰ ਅਤੇ ਫੋਟੋ ਸਟੇਟ ਮਸ਼ੀਨ | 17.41 | 15.00 | 24.25 | 25.73 | 35.00 |
| 7 | ਹੋਰ ਖਰਚੇ | | | | | |
| (i) | ਵਰਦੀਆਂ | 7.88 | 6.00 | 8.46 | 13.10 | 15.00 |
| (ii) | ਫਰਨੀਚਰ (ਨਵਾਂ ਅਤੇ ਪੁਰਾਣਾ) | 8.61 | | | | |
| (iii) | ਗੱਡੀਆਂ ਦਾ ਬੀਮਾ | 6.10 | 5.00 | 2.88 | 4.14 | 6.00 |
| (iv) | ਫਾਇਰ ਬ੍ਰਿਗੇਡ ਦਾ ਖਰਚਾ | 4.24 | 4.00 | 7.13 | 10.97 | 15.00 |

| | | | | | | |
|---|---|---|---|---|---|---|
| (v) | ਅਖਬਾਰਾਂ ਦਾ ਖਰਚਾ | 0.60 | 0.65 | 0.49 | 0.92 | 1.50 |
| (vi) | ਵਿਗਿਆਪਣ ਤੇ ਪਬਲਿਕ ਨੋਟਿਸ ਦੇਣ ਤੇ ਖਰਚਾ | 2.10 | 2.00 | 1.29 | 1.98 | 2.50 |
| (vii) | ਹੋਰ ਖਰਚੇ ਜਿਵੇਂ ਕਿ ਮੇਅਰ ਮੈਂਬਰਸ਼ਿਪ ਫੀਸ, ਕੋਂਸਲਰਾਂ ਦੇ ਭੱਤੇ, ਪ੍ਰਾਪਰਟੀ ਟੈਕਸ ਸਾਫਟਵੇਅਰ, ਟੀ.ਏ. ਰਸੀਦੀ ਟਿਕਟਾਂ, ਪਰਮਾਨੈਂਟ ਐਡਵਾਂਸ, ਰਿਫਰੈਸ਼ਮੈਂਟ, ਆਜ਼ਾਦੀ ਦਿਵਸ ਅਤੇ ਗਣਤੰਤਰ ਦਿਵਸ ਦੇ ਮੌਕੇ ਤੇ ਹੋਣ ਵਾਲੇ ਖਰਚੇ, ਕਰਾਕਰੀ, ਲਾਇਸੰਸ ਪਲੇਟਾਂ, ਜੈਨਰੇਟਰ ਅਤੇ ਏ.ਸੀ. ਰਿਪੇਅਰ, ਟੀ.ਡੀ.ਐਸ. ਰਿਟਰਨ ਫਾਇਲ ਕਰਨ ਤੇ ਖਰਚੇ, ਈ.ਪੀ.ਐਫ. ਕੈਮਰੇ/ਪ੍ਰੋਜੈਕਟਰ ਲਗਾਉਣ ਦੇ ਖਰਚੇ, ਵਾਇਰਲੈਸ ਸਪੀਕਰ ਆਦਿ ਦੇ ਖਰਚੇ। | 15.78 | 17.00 | 14.35 | 26.09 | 30.00 |
| (viii) | ਸਰਕਾਰ ਪਾਸੋਂ ਧਾਰਾ 82(3) ਅਧੀਨ ਪ੍ਰਵਾਨਗੀ ਲੈਣ ਉਪਰੰਤ ਹੋਣ ਵਾਲੇ ਖਰਚੇ | | | | | |
| | **ਕੁੱਲ** | **149.40** | **146.25** | **104.65** | **156.63** | **210.00** |

## 3. ਕਮਿਟਡ ਮੈਨਟੀਨੈਂਸ ਖਰਚਾ (ਵਚਨਬੱਧ ਰੱਖ-ਰਖਾਵ ਖਰਚਾ) :

ਕਮਿਟਡ ਮੈਨਟੀਨੈਂਸ (ਵਚਨਬੱਧ ਰੱਖ-ਰਖਾਵ) ਖਰਚੇ ਲਈ ਸਾਲ 2023-2024 ਲਈ 4817.70 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਸੀ। ਮਿਤੀ 31.12.2023 ਤੱਕ ਇਸ ਮੱਦ ਅਧੀਨ 2902.24 ਲੱਖ ਰੁਪਏ ਖਰਚਾ ਹੋਇਆ ਹੈ ਅਤੇ ਸਾਲ 2023-2024 ਦੌਰਾਨ 5174.83 ਲੱਖ ਰੁਪਏ ਖਰਚਾ ਹੋਣ ਦੀ ਸੰਭਾਵਨਾਂ ਹੈ। ਸਾਲ 2024-2025 ਲਈ ਇਸ ਮਦ ਅਧੀਨ 6159.50 ਲੱਖ ਰੁਪਏ ਦਾ ਖਰਚਾ ਤਜਵੀਜ ਕੀਤਾ ਗਿਆ ਹੈ। ਇਸਦੀ ਵਿਸਥਾਰਪੂਰਵਕ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਮੱਦ ਦਾ ਨਾਮ | ਅਸਲ ਖਰਚਾ 2022-23 | ਬਜਟ 2023-2024 | ਅਸਲ ਖਰਚਾ ਅਪਟੂ 30.11.23 | 2023-2024 ਦੌਰਾਨ ਹੋਣ ਵਾਲਾ ਸੰਭਾਵਤ ਖਰਚਾ | ਤਜਵੀਜਤ ਖਰਚਾ 2024-25 |
|---|---|---|---|---|---|---|
| | ਕਮਿਟਡ ਮੈਨਟੀਨੈਂਸ (ਵਚਨਬੱਧ ਰੱਖ ਰਖਾਵ ਖਰਚਾ) | | | | | |
| 1 | ਵਾਟਰ ਸਪਲਾਈ ਮੈਨਟੀਨੈਂਸ (ਸੀਵਰੇਜ਼ ਬੋਰਡ/ਪਬਲਿਕ ਹੈਲਥ) | 113.24 | 100.00 | 35.72 | 100.72 | 150.00 |
| 2 | ਵਾਟਰ ਸਪਲਾਈ ਮੈਨਟੀਨੈਂਸ (ਨਗਰ ਨਿਗਮ ਬਠਿੰਡਾ) | 361.43 | 350.00 | 138.32 | 314.37 | 500.00 |
| 3 | ਵਾਟਰ ਸਪਲਾਈ ਬਿਜਲੀ ਬਿੱਲ | 5.30 | 250.00 | 1.18 | 100.82 | 250.00 |
| 4 | ਸੀਵਰੇਜ਼ ਮੈਨਟੀਨੈਂਸ (ਸੀਵਰੇਜ਼ ਬੋਰਡ) | 209.87 | 250.00 | 8.75 | 100.00 | 150.00 |
| 5 | ਸੀਵਰੇਜ਼ ਮੈਨਟੀਨੈਂਸ (ਨਗਰ ਨਿਗਮ ਬਠਿੰਡਾ) | 211.19 | 220.00 | 176.98 | 254.60 | 400.00 |
| 6 | ਸੀਵਰੇਜ਼ ਬਿਜਲੀ ਬਿੱਲ | 462.08 | 480.00 | 400.47 | 552.02 | 600.00 |
| 7 | ਲੋਨ/ਵਿਆਜ਼ ਦੀ ਵਾਪਸੀ | 152.59 | 143.00 | 106.95 | 181.95 | 145.00 |
| 8 | ਸਟਰੀਟ ਲਾਈਟ ਬਿਜਲੀ ਬਿੱਲ | 354.57 | 400.00 | 244.04 | 519.92 | 500.00 |
| 9 | ਸਟਰੀਟ ਲਾਈਟ ਮੈਨਟੀਨੈਂਸ | 101.81 | 108.00 | 37.46 | 133.88 | 150.00 |
| 10 | ਸਫਾਈ ਅਤੇ ਸਮਾਨ | 821.05 | 950.00 | 613.12 | 947.12 | 1100.00 |
| 11 | ਕਰਮਚਾਰੀਆਂ ਨੂੰ ਐਡਵਾਂਸ | 10.00 | 12.00 | 14.00 | 14.00 | 15.00 |
| 12 | ਮਿਊਂਸਪਲ ਬਿਲਡਿੰਗ (ਨਵੀਂ ਤੇ ਪੁਰਾਣੀ) | 38.84 | 89.00 | 13.74 | 61.46 | 90.00 |
| 13 | ਮਸ਼ੀਨਰੀ/ਫੋਮ ਟੈਂਡਰ/ਫਾਇਰ ਟੈਂਡਰ ਦਾ ਖਰਚਾ | 31.86 | 48.00 | 24.15 | 48.15 | 50.00 |
| 14 | ਪਾਰਕਾਂ ਦੇ ਰੱਖ-ਰਖਾਵ ਦਾ ਖਰਚਾ | 350.99 | 390.00 | 218.18 | 399.11 | 450.00 |
| 15 | ਸੋਲਿਡ ਵੇਸਟ (ਗਾਰਬੇਜ਼ ਕੂਲੈਕਸ਼ਨ) | 46.82 | 49.00 | 55.74 | 99.27 | 150.00 |
| 16 | ਗਊਸ਼ਾਲਾ ਨੂੰ ਦਿੱਤੀ ਜਾਣ ਵਾਲੀ ਗਰਾਂਟ ਅਤੇ ਡਾਇਟ ਮਨੀ | 309.14 | 315.00 | 290.35 | 462.96 | 500.00 |
| 17 | Govt. Schemes | | 55.00 | | 50.00 | 50.00 |
| 18 | ਡਾਇਰੈਕਟੋਰੇਟ ਖਰਚਾ | 137.76 | 150.00 | 56.01 | 128.00 | 150.00 |
| 19 | ਇਲੈਕਸ਼ਨ ਖਰਚਾ | 3.67 | 4.90 | 18.04 | 23.04 | 25.00 |
| 20 | ਆਡਿਟ ਫੀਸ | 5.19 | 6.30 | | 6.00 | 8.00 |
| 21 | ਕਾਨੂੰਨੀ ਖਰਚਾ | 55.33 | 67.00 | 70.10 | 109.94 | 125.00 |
| 22 | ਮੈਟੀ;ਆਫ ਪਬਲਿਕ/ਕੰਮਿਊਨਿਟੀ ਟਾਇਲਟਸ | 111.40 | 115.00 | 97.07 | 133.48 | 150.00 |
| 23 | ਸਲੱਮ (Urban Poor) | 82.40 | 140.00 | 181.03 | 237.08 | 250.00 |

| | | | | | | |
|---|---|---|---|---|---|---|
| 24 | ਐਸ.ਟੀ.ਪੀ. ਅਤੇ ਹੋਰ ਖਰਚੇ | 45.87 | 85.00 | 36.24 | 86.24 | 100.00 |
| 25 | ਲਾਇਬਰੇਰੀ | | 1.50 | | 1.50 | 1.50 |
| 26 | ਬੇਸਹਾਰਾ ਜਾਨਵਰਾਂ/ਅਵਾਰਾ ਕੁੱਤਿਆਂ ਸਬੰਧੀ ਮੁਆਵਜਾ | 9.11 | 39.00 | 64.60 | 109.20 | 100.00 |
| | **ਕੁੱਲ** | **4031.51** | **4817.70** | **2902.24** | **5174.83** | **6159.50** |

4. **ਨਾਨ-ਕਮਿਟਡ ਖਰਚਾ**

**ਵਿਕਾਸ ਦੇ ਕੰਮ:**

ਨਾਨ-ਕਮਿਟਡ ਵਿਕਾਸ ਦੇ ਕੰਮਾਂ ਲਈ ਲਈ ਸਾਲ 2023-2024 ਲਈ 3391.50 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਸੀ। ਮਿਤੀ 31.12.2023 ਤੱਕ ਇਸ ਮੱਦ ਅਧੀਨ 1146.83 ਲੱਖ ਰੁਪਏ ਖਰਚ ਹੋਏ ਹਨ ਅਤੇ ਸਾਲ 2023-2024 ਦੋਰਾਨ ਇਸ ਮਦ ਅਧੀਨ 2580.01 ਲੱਖ ਰੁਪਏ ਖਰਚਾ ਹੋਣ ਦੀ ਸੰਭਾਵਨਾ ਹੈ। ਸਾਲ 2024-2025 ਲਈ ਇਸ ਮਦ ਅਧੀਨ 3624.00 ਲੱਖ ਰੁਪਏ ਦਾ ਖਰਚਾ ਤਜਵੀਜ ਕੀਤਾ ਗਿਆ ਹੈ। ਇਸਦੀ ਵਿਸਥਾਰਪੂਰਵਕ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਮੱਦ ਦਾ ਨਾਮ | ਅਸਲ ਖਰਚਾ | ਬਜਟ | ਅਸਲ | 2023-2024 ਦੋਰਾਨ ਹੋਣ ਵਾਲਾ ਸੰਭਾਵਤ ਖਰਚਾ | ਤਜਵੀਜਤ |
|---|---|---|---|---|---|---|
| | | 2022-23 | 2023-24 | ਖਰਚਾ | | ਖਰਚਾ |
| | | | | ਅਪਟੂ 31.12.2023 | | 2024-25 |
| | ਨਾਨ-ਕਮਿਟਡ ਖਰਚਾ<br>ਵਿਕਾਸ ਦੇ ਕੰਮ | | | | | |
| 1 | ਨਵੀਆਂ ਸੜ੍ਹਕਾਂ ਅਤੇ ਨਵੀਆਂ ਇਮਾਤਰਾਂ | 955.77 | 1000.00 | 460.49 | 614.06 | 1000.00 |
| 2 | ਪੁਰਾਣੀਆਂ ਸੜ੍ਹਕਾਂ ਦੀ ਮੁਰਮੰਤ | 674.68 | 850.00 | 350.93 | 886.27 | 950.00 |
| 3 | ਨਾਲੀਆਂ | 2.44 | 100.00 | 11.40 | 61.40 | 150.00 |
| 4 | ਵਾਟਰ ਸਪਲਾਈ ਨਵੇਂ ਕੰਮ (ਸੀਵਰੇਜ਼ ਬੋਰਡ/ ਪਬਲਿਕ ਹੈਲਥ) | | 100.00 | 50.00 | 100.00 | 100.00 |
| | ਵਾਟਰ ਸਪਲਾਈ ਨਵੇਂ ਕੰਮ (ਨਗਰ ਨਿਗਮ ਬਠਿੰਡਾ) | 116.65 | 90.00 | 7.21 | 57.16 | 100.00 |
| 5 | ਸੀਵਰੇਜ਼ ਨਵੇਂ ਕੰਮ (ਸੀਵਰੇਜ਼ ਬੋਰਡ) | | 50.00 | | 50.00 | 50.00 |
| | ਸੀਵਰੇਜ਼ ਨਵੇਂ ਕੰਮ (ਨਗਰ ਨਿਗਮ, ਬਠਿੰਡਾ) | | 35.00 | | 35.00 | 50.00 |
| 6 | ਡੀ.ਬੀ. ਪੇਵਿੰਗ | 44.26 | 95.00 | 50.53 | 93.25 | 200.00 |
| 7 | ਨਵੇਂ ਪਾਰਕ | 56.85 | 250.00 | 59.40 | 159.40 | 400.00 |
| 8 | ਪਬਲਿਕ ਟਾਇਲਟ | 11.06 | 96.00 | 9.61 | 59.30 | 100.00 |
| 9 | ਸਟਰੀਟ ਲਾਈਟ ਨਵੀਂ | 167.18 | 210.00 | 138.20 | 198.72 | 300.00 |
| 10 | ਫਰਨੀਚਰ | | 7.00 | 8.46 | 12.85 | 20.00 |
| 11 | ਡਸਟਬੀਨਜ਼ | 1.42 | 3.50 | 0.60 | 2.60 | 4.00 |
| 12 | ਪਾਰਕਿੰਗ ਅਤੇ ਈ.ਵੀ. ਸਟੇਸ਼ਨਾਂ ਦਾ ਵਿਕਾਸ ਖਰਚਾ | | 85.00 | | 50.00 | 100.00 |
| 13 | ਜਮੀਨਾਂ ਦਾ ਮੁਆਵਜਾ | 169.66 | 420.00 | | 200.00 | 100.00 |
| | **ਕੁੱਲ:** | **2199.97** | **3391.50** | **1146.83** | **2580.01** | **3624.00** |

## ਸਰਕਾਰ ਤੋਂ ਪ੍ਰਾਪਤ ਗਰਾਂਟ ਦਾ ਵੇਰਵਾ :

ਉਕਤ ਤੋਂ ਇਲਾਵਾ ਸ਼ਹਿਰ ਵਿੱਚ ਵਿਕਾਸ ਦੇ ਕੰਮਾਂ ਲਈ ਹੇਠ ਲਿਖੇ ਅਨੁਸਾਰ ਗਰਾਂਟਾ ਦੀ ਰਕਮ ਪ੍ਰਾਪਤ ਹੋਈ ਜੋ ਕਿ ਸ਼ਹਿਰ ਦੇ ਵਿਕਾਸ ਲਈ ਖਰਚ ਕੀਤੀ ਅਤੇ ਰਹਿੰਦੀ ਰਕਮ ਖਰਚ ਕੀਤੀ ਜਾ ਰਹੀ ਹੈ:- (ਰਕਮ ਲੱਖਾਂ ਵਿੱਚ)

| S.No. | Grant | 2017-18 | 2018-19 | 2019-20 | 2020-21/ | 2021.22 | 2022-23 |
|---|---|---|---|---|---|---|---|
| 1. | Finance Commission | 708.27 | 821.98 | 2535.32 | 2187.05 | 631.68 | 1352.84 |
| 2. | M.P. Lad | 12.75 | 27.74 | 94.89 | 3.75 | -- | -- |
| 3. | Govt. Grant Fund | -- | 167.00 | 100.00 | 176.56 | 3323.31 | 55.94 |
| 4. | Municipal Development Fund (Auditorium) | -- | -- | -- | -- | 2714.79 | -- |
| 5. | Multi Storey Parking | -- | -- | -- | -- | 2674.70 | -- |
| 6. | Swachh Bharat Mission | 304.38 | 257.36 | 98.17 | 45.17 | -- | -- |
| 7. | Pradhan Mantri Awaas Yojna | -- | 28.23 | 52.27 | 116.03 | 199.09 | -- |
| 8. | AMRUT | -- | -- | -- | 44.69 | -- | -- |
| 9. | U.E.I.P.-I | -- | 43.47 | 8.01 | 258.27 | 41.33 | -- |
| 10. | U.E.I.P. -II | -- | -- | -- | 733.08 | 1183.58 | 67.33 |
| 11. | U.E.I.P. -III | -- | -- | -- | -- | 178.65 | 313.36 |
| 12. | Sanction of SNA Limits under SBMU | -- | -- | -- | -- | -- | 556.32 |
| | **Total** | **1025.40** | **1345.78** | **2888.66** | **3564.60** | **10947.13** | **2345.79** |

## ਨਗਰ ਨਿਗਮ ਦੀਆਂ ਦੇਣਦਾਰੀ ਸਬੰਧੀ ਨੋਟ:-

1. ਉਪਰੋਕਤ ਤੋਂ ਇਲਾਵਾ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਬਠਿੰਡਾ ਸ਼ਹਿਰ ਲਈ 100% ਸੀਵਰ ਅਤੇ ਪਾਣੀ ਦੀ ਸੁਵਿਧਾ ਦੇਣ ਖਾਤਰ 288.00 ਕਰੋੜ੍ਹ ਰੁਪਏ ਦਾ ਪ੍ਰੋਜੈਕਟ ਪ੍ਰਵਾਨ ਕੀਤਾ ਗਿਆ ਹੈ। ਇਸ ਪ੍ਰੋਜੈਕਟ ਨੂੰ ਪੂਰਾ ਕਰਨ ਖਾਤਰ ਹੁਡਕੋ ਪਾਸੋਂ 105.00 ਕਰੋੜ੍ਹ ਰੁਪਏ ਕਰਜ਼ਾ ਪ੍ਰਵਾਨ ਕੀਤਾ ਗਿਆ। ਪ੍ਰਵਾਨਤ ਕਰਜ਼ੇ 105.00 ਕਰੋੜ੍ਹ ਰੁਪਏ ਦੇ ਵਿਰੁੱਧ ਹੁਣ ਤੱਕ ਹੁਡਕੋ ਵੱਲੋਂ 43.75 ਕਰੋੜ੍ਹ ਰੁਪਏ ਦਾ ਨਗਰ ਨਿਗਮ ਨੂੰ ਬਤੋਰ ਕਰਜ਼ਾ ਦਿੱਤਾ ਗਿਆ ਹੈ। ਨਗਰ ਨਿਗਮ ਵੱਲੋਂ ਹੁਣ ਤੱਕ 40.80 ਕਰੋੜ੍ਹ ਰੁਪਏ ਬਤੋਰ ਮੂਲ ਵਾਪਸ ਕੀਤੇ ਗਏ ਹਨ ਅਤੇ 14.94 ਕਰੋੜ੍ਹ ਰੁਪਏ ਵਿਆਜ਼ ਦੇ ਤੋਰ ਤੇ ਦਿੱਤੇ ਗਏ ਹਨ। ਲਏ ਗਏ ਕਰਜ਼ੇ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਸਾਲ | ਲਏ ਗਏ ਕਰਜ਼ੇ ਦੀ ਰਕਮ | ਮੋੜੇ ਗਏ ਕਰਜ਼ੇ ਦੀ ਰਕਮ | ਦਿੱਤੇ ਗਏ ਵਿਆਜ਼ ਦੀ ਰਕਮ |
|---|---|---|---|---|
| 1 | 2013-2014 | 8,75,00,000.00 | -- | -- |
| 2 | 2014-2015 | -- | -- | 89,64,555.00 |
| 3 | 2015-2016 | 17,50,00,000.00 | -- | 1,71,85,360.00 |
| 4 | 2016-2017 | 17,50,00,000.00 | 7,87,50,000.00 | 3,80,17,672.00 |
| 5 | 2017-18 | -- | 10,50,00,000.00 | 3,25,39,871.00 |
| 6 | 2018-19 | -- | 10,50,00,000.00 | 2,22,55,889.00 |
| 6 | 2019-20 | -- | 8,14,50,000.00 | 1,17,35,188.00 |
| 7 | 2020-21 | -- | 1,08,00,000.00 | 67,64,979.00 |
| 8 | 2021-22 | -- | 1,08,00,000.00 | 56,12,545.00 |
| 9 | 2022-23 | -- | 10,80,00,000.00 | 45,59,327.80 |
| 10 | 2023-24 (31.08.2023 ਤੱਕ) | -- | 54,00,000.00 | 18,09,678.00 |
| | ਕੁੱਲ | 43,75,00,000.00 | 40,80,00,000.00 | 14,94,45,058.00 |

2. ਨਗਰ ਨਿਗਮ ਬਠਿੰਡਾ ਨੂੰ ਸਾਲ 2008 ਵਿਚ ਪੀ.ਆਈ.ਡੀ.ਬੀ. ਵਲੋਂ ਸ਼ਹਿਰ ਵਿਚ ਬੁਨਿਆਦੀ ਢਾਂਚੇ ਸਬੰਧੀ ਸਹੂਲਤਾਂ ਦੇਣ ਲਈ 40.00 ਕਰੋੜ ਰੁਪਏ ਪ੍ਰਾਪਤ ਹੋਏ ਸਨ। ਬਾਦ ਵਿਚ ਬਲਿਊ ਫੋਕਸ ਪ੍ਰਾਪਰਟੀ ਨਗਰ ਨਿਗਮ ਪਾਸ ਵਾਪਸ ਆ ਗਈ ਸੀ ਅਤੇ ਪੀ.ਆਈ.ਡੀ.ਬੀ. ਵਲੋਂ ਇਸ ਨੂੰ ਲੋਨ ਵਿਚ ਬਦਲ ਦਿੱਤਾ ਗਿਆ। ਇਸ ਤਰ੍ਹਾਂ ਹੀ ਸਾਲ 2011 ਵਿਚ 12.45 ਕਰੋੜ ਰੁਪਏ ਪੀ.ਆਈ.ਡੀ.ਬੀ. ਵਲੋਂ ਨਗਰ ਨਿਗਮ ਬਠਿੰਡਾ ਨੂੰ ਪ੍ਰਾਪਤ ਹੋਣ ਵਾਲੀ ਗਰਾਂਟ ਦੇ ਵਿਰੁੱਧ ਬਤੌਰ ਐਡਵਾਂਸ ਦਿੱਤਾ ਗਿਆ ਸੀ। ਇਹ ਗਰਾਂਟ ਪ੍ਰਾਪਤ ਨਹੀਂ ਹੋਈ ਅਤੇ ਇਹ ਰਾਸ਼ੀ ਲੋਨ ਵਿਚ ਤਬਦੀਲ ਹੋ ਗਈ। ਇਸ ਤਰ੍ਹਾਂ ਕੁਲ 52.45 ਕਰੋੜ ਰੁਪਏ ਪੀ.ਆਈ. ਡੀ.ਬੀ. ਦਾ ਲੋਨ ਹੈ। ਪੀ.ਆਈ. ਡੀ.ਬੀ. ਦੀ ਮੀਟਿੰਗ ਵਿਚ ਹੋਏ ਫੈਸਲੇ ਅਨੁਸਾਰ ਇਹ ਰਾਸ਼ੀ ਨਗਰ ਨਿਗਮ ਦੀ ਐਕਸਾਈਜ਼ ਡਿਊਟੀ ਵਿਚੋਂ ਕੱਟੀ ਜਾਣੀ ਹੈ।

*ਉਪਰੋਕਤ ਵੇਰਵੇ ਅਨੁਸਾਰ ਨਗਰ ਨਿਗਮ ਦੀ ਮਾਲੀ ਹਾਲਤ ਹੇਠ ਲਿਖੇ ਅਨੁਸਾਰ ਦਰਸਾਈ ਗਈ ਹੈ:-*

*(ਰਕਮ ਲੱਖਾਂ ਵਿੱਚ)*

| | | | | |
|---|---|---|---|---|
| 1. | ਮਿਤੀ 01.04.2023 ਨੂੰ ਕੈਸ਼-ਬੁੱਕ ਅਨੁਸਾਰ ਮੁਢਲੀ ਬਾਕੀ | | | **6270.99** |
| 2. | ਸਾਲ 2023-2024 ਵਿਚ ਹੋਣ ਵਾਲੀ ਸੰਭਾਵਤ ਆਮਦਨ | | 17739.16 | 17739.16 |
| | | **ਕੁੱਲ ਜੋੜ** | **17739.16** | **24010.15** |
| | **ਸੰਭਾਵਤ ਖਰਚਾ** : (2023-2024) | | | |
| 1. | ਅਮਲਾ (ਕਮਿਟਡ) | | 9928.26 | |
| 2. | ਕੰਟੀਜੈਂਸੀ (ਕਮਿਟਡ) | | 156.63 | |
| 3. | ਮੈਨਟੀਨੈਂਸ ਖਰਚਾ (ਕਮਿਟਡ) | | 5174.83 | |
| 4. | ਵਿਕਾਸ (ਨਾਨ-ਕਮਿਟਡ) | | 2580.01 | |
| | **ਕੁੱਲ ਖਰਚਾ** | | **17839.73** | **17839.73** |
| | ਮਿਤੀ 31/03/2024 ਨੂੰ ਬਾਕੀ : | | | 6170.42 |
| | ਮਿਤੀ 01/04/2024 ਨੂੰ ਮੁਢਲੀ ਬਾਕੀ : | | | 6170.42 |
| | ਸਾਲ 2024-2025 ਲਈ ਤਜਵੀਜ ਸ਼ੁਦਾ ਆਮਦਨ : | | 17537.10 | 17537.10 |
| | | **ਕੁੱਲ ਆਮਦਨ** | **17537.10** | **23707.52** |
| | **ਤਜਵੀਜ ਖਰਚਾ** : (2024-2025) | | | |
| 1. | ਅਮਲਾ (ਕਮਿਟਡ) | | 11039.85 | |
| 2. | ਕੰਟੀਜੈਂਸੀ (ਕਮਿਟਡ) | | 210.00 | |
| 3. | ਮੈਨਟੀਨੈਂਸ ਖਰਚਾ (ਕਮਿਟਡ) | | 6159.50 | |
| 4. | ਵਿਕਾਸ (ਨਾਨ-ਕਮਿਟਡ) | | 3624.00 | |
| | | **ਕੁੱਲ** | **21033.35** | **21033.35** |
| | **ਮਿਤੀ 31/03/2025 ਨੂੰ ਸੰਭਾਵਤ ਅੰਤਿਮ ਬਾਕੀ :** | | | **2674.17** |

ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਜੀ ਦੇ ਮੀਮੋ ਨੰਬਰ ਲੇਖਾ-6-ਉਕਵਲ-ਡਸਸ(454)-23/66889 ਮਿਤੀ 01.12.2023 ਅਤੇ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀਆਂ ਹਦਾਇਤਾਂ ਅਨੁਸਾਰ ਸਾਲ 2024-2025 ਦਾ ਬਜਟ ਤਿਆਰ ਕੀਤਾ ਗਿਆ ਹੈ।

ਉਕਤ ਅਨੁਸਾਰ ਨਗਰ ਨਿਗਮ ਬਠਿੰਡਾ ਦਾ ਸਾਲ 2024-2025 ਦਾ ਬਜਟ ਪ੍ਰਵਾਨਗੀ ਲਈ ਹਾਊਸ ਪਾਸ ਵਿਚਾਰ ਹਿੱਤ ਪੇਸ਼ ਹੈ ਜੀ।

**ਆਮਦਨ ਦੀਆਂ ਮੱਦਾਂ ਤੇ ਵਿਚਾਰ ਕਰਦੇ ਸਮੇਂ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਧਿਆਨ ਵਿੱਚ ਲਿਆਂਦਾ ਕਿ ਸਾਲ 2023-2024 ਦੋਰਾਨ ਰੈਂਟ ਸ਼ਾਖਾ ਵਿਖੇ ਸਰਵਿਸ ਚਾਰਜ਼ ਪ੍ਰਾਪਤ ਹੋਣ ਨਾਲ ਰੈਂਟ ਦੀ ਆਮਦਨ ਵਿੱਚ ਵਾਧਾ ਹੋ ਗਿਆ ਹੈ, ਜੋ ਕਿ ਇਸ ਸਾਲ ਪ੍ਰਾਪਤ ਨਹੀਂ ਹੋਣੇ। ਇਸ ਲਈ ਯੋਗ ਹੋਵੇਗਾ ਕਿ ਰੈਂਟ ਤੋਂ ਆਮਦਨ ਦਾ ਬਜਟ 230.00 ਲੱਖ ਰੁਪਏ ਤੋਂ ਘਟਾ ਕੇ 180.00 ਲੱਖ ਰੁਪਏ ਕਰ ਦਿੱਤਾ ਜਾਵੇ, ਜਦਕਿ ਦੂਸਰੇ ਪਾਸ ਵਿਗਿਆਪਨ ਕਰ ਵਿੱਚ ਵਾਧਾ ਹੋਣ ਦੀ ਹੋਰ ਉਮੀਦ ਹੈ। ਇਸ ਲਈ ਵਿਗਿਆਪਨ ਕਰ ਦਾ ਬਜਟ 225.00 ਲੱਖ ਰੁਪਏ ਤੋਂ ਵਧਾ ਕੇ 275.00 ਲੱਖ ਰੁਪਏ ਕਰ ਦਿੱਤਾ ਜਾਵੇ। ਇਸਤੇ ਸਮੂਚੇ ਹਾਊਸ ਵੱਲੋਂ ਸਹਿਮਤੀ ਜਤਾਈ ਗਈ।**

ਉਕਤ ਦੇ ਮੱਦੇ ਨਜ਼ਰ ਹੇਠ ਲਿਖੇ ਅਨੁਸਾਰ ਆਮਦਨ ਅਤੇ ਖਰਚਾ ਪਾਸ ਕੀਤਾ ਜਾਂਦਾ ਹੈ:

(ਰਕਮ ਲੱਖਾਂ ਵਿੱਚ)

| ਲੜੀ ਨੰ: | ਮਦ ਦਾ ਨਾਮ | ਅਸਲ ਆਮਦਨ 2022-23 | ਬਜਟ ਆਮਦਨ 2023-24 | ਅਸਲ ਆਮਦਨ ਅਪਟੂ 31.12.2023 | ਸੰਭਾਵਤ ਆਮਦਨ 2023-24 | ਬਜਟ % | ਸਾਲ 2024-25 ਲਈ ਤਜਵੀਜ ਆਮਦਨ |
|---|---|---|---|---|---|---|---|
| 1 | ਪੰਜਾਬ ਮਿਊਂਸਪਲ ਫੰਡ (ਵੈਟ) | 9080.68 | 10000.00 | 6697.76 | 9550.00 | 96 | 9500.00 |
| 2 | ਪ੍ਰਾਪਰਟੀ ਟੈਕਸ/ਹਾਊਸ ਟੈਕਸ | 1306.59 | 1625.00 | 1497.61 | 1590.33 | 98 | 1800.00 |
| 3 | ਫਾਇਰ ਸੈਸ | 54.10 | 59.50 | 58.92 | 58.98 | 99 | 65.00 |
| 4 | ਕੈਂਸਰ ਸੈਸ | 3.92 | 29.00 | 26.77 | 32.82 | 113 | 30.00 |
| 5 | ਵਿਗਿਆਪਨ ਕਰ | 139.47 | 200.00 | 183.85 | 205.81 | 103 | 275.00 |
| 6 | ਰੈਂਟ | 210.93 | 205.00 | 150.86 | 209.73 | 102 | 180.00 |
| 7 | ਤਹਿਬਜਾਰੀ/ ਰਾਜੀਨਾਮਾ/ਪਾਰਕਿੰਗ | 6.93 | 75.00 | 56.44 | 63.88 | 85 | 75.00 |
| 8 | ਲਾਇਸੰਸ/ਵਹੀਕਲ ਫੀਸ | 26.54 | 24.95 | 26.14 | 40.62 | 163 | 31.00 |
| 9 | ਬਿਲਡਿੰਗ ਫੀਸ | 251.19 | 270.00 | 390.56 | 440.56 | 163 | 400.00 |
| 10 | ਬਿਲਡਿੰਗ ਰਾਜੀਨਾਮਾ | 134.82 | 148.00 | 94.76 | 143.67 | 97 | 150.00 |
| 11 | ਵਿਕਾਸ ਚਾਰਜਜ | 700.89 | 745.00 | 1081.88 | 1133.87 | 152 | 1000.00 |
| 12 | ਚੈਂਜ਼ ਆਫ ਲੈਂਡ ਯੂਜ਼ | 711.89 | 735.00 | 827.64 | 1027.64 | 140 | 1000.00 |
| 13 | ਮਲਬਾ ਫੀਸ (ਬਿਲਡਿੰਗ ਸ਼ਾਖਾ) | 72.75 | 75.50 | 47.17 | 72.17 | 96 | 100.00 |
| 14 | ਵਾਟਰ ਸਪਲਾਈ ਚਾਰਜ਼ਜ਼ (ਬਿਲਡਿੰਗ ਸ਼ਾਖਾ) | 84.08 | 80.00 | 47.70 | 71.70 | 90 | 100.00 |
| 15 | ਬਿਲਡਿੰਗ ਰੈਗੂਲਰਾਈਜ਼ੇਸ਼ਨ | 137.06 | 115.00 | 75.29 | 115.29 | 100 | 125.00 |
| 16 | ਕਾਓ ਸੈਸ | 307.24 | 315.00 | 263.49 | 355.93 | 113 | 325.00 |
| 17 | ਐਕਸਾਈਜ ਡਿਊਟੀ | 570.24 | 550.00 | 492.98 | 657.30 | 120 | 550.00 |
| 18 | ਮਿਉਂਸਪਲ ਬਿਜਲੀ ਕਰ | -- | 180.00 | | | | |
| 19 | ਗਾਰਬੇਜ਼ ਕੂਲੈਕਸ਼ਨ | 391.06 | 408.00 | 327.16 | 427.95 | 105 | 400.00 |
| 20 | ਹੋਰ ਸਾਧਨ | 551.14 | 589.75 | 670.72 | 819.77 | 139 | 710.35 |
| | **ਜੋੜ੍ਹ (ੳ)** | **14741.52** | **16429.70** | **13017.70** | **17018.02** | **105** | **16816.35** |
| 21 | ਵ/ਸ ਅਤੇ ਸੀਵਰੇਜ਼ (ਡਿਮਾਂਡ ਅਤੇ ਬਕਾਇਆਜਾਤ) | 429.14 | 480.00 | 352.77 | 473.83 | 99 | 500.00 |
| 22 | ਵ/ਸ ਅਤੇ ਸੀਵਰੇਜ਼ (ਹੋਰ ਵਸੀਲਿਆਂ ਤੋਂ ਆਮਦਨ) | 199.18 | 199.00 | 147.50 | 247.31 | 124 | 220.75 |
| | **ਜੋੜ (ਅ)** | **628.32** | **679.00** | **500.27** | **721.14** | **106** | **720.75** |
| | **ਕੁੱਲ ਜੋੜ (ੳ+ਅ)** | **15369.84** | **17108.70** | **13517.97** | **17739.16** | **105** | **17537.10** |

**ਉਕਤ ਤੋਂ ਇਲਾਵਾ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਇਹ ਵੀ ਧਿਆਨ ਵਿੱਚ ਲਿਆਂਦਾ ਕਿ ਸ਼ਹਿਰ ਵਿੱਚ ਕਈ ਥਾਂਈਂ ਲੋਕਾਂ ਵੱਲੋਂ ਅਣਅਧਿਕਾਰਤ ਤਰੀਕੇ ਨਾਲ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਕੂਨੈਕਸ਼ਨ ਕੀਤੇ ਗਏ ਹਨ। ਉਹਨਾਂ ਮਾਹ ਅਕਤੂਬਰ 2021 ਦੌਰਾਨ ਸਰਕਾਰ ਵੱਲੋਂ ਜਾਰੀ ਪਾਲਿਸੀ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਹਨਾਂ ਅਣਅਧਿਕਾਰਤ ਤੌਰ ਤੇ ਚੱਲ ਰਹੇ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਕੂਨੈਕਸ਼ਨਾਂ ਨੂੰ ਰੈਗੂਲਰ ਕਰਨ ਲਈ ਨਗਰ ਨਿਗਮ ਦੇ ਆਊਟਸੋਰਸਡ ਸਟਾਫ ਰਾਹੀਂ ਕੈਂਪ ਮੋਡ ਤੇ ਕਾਰਵਾਈ ਕਰਨੀ ਯੋਗ ਹੋਵੇਗੀ। ਉਕਤ ਕੈਂਪਾਂ ਵਿੱਚ ਲਗਾਏ ਗਏ ਡਾਟਾ ਐਂਟਰੀ ਆਪਰੇਟਰਾਂ ਨੂੰ 100/-**

ਰੁਪਏ ਪ੍ਰਤੀ ਕੂਨੈਕਸ਼ਨ ਦਾ ਮਾਨਭੱਤਾ ਉਹਨਾਂ ਦੀ ਤਨਖਾਹ ਤੋਂ ਇਲਾਵਾ ਦਿੱਤਾ ਜਾਵੇਗਾ। ਇਸਤੇ ਸਮੂਚੇ ਹਾਊਸ ਵੱਲੋਂ ਖਰਚਾ ਕਰਨ ਦੀ ਸਹਿਮਤੀ ਦਿੱਤੀ ਗਈ ਅਤੇ ਜਲਦ ਤੋਂ ਜਲਦ ਕੁਨੈਕਸ਼ਨ ਰੈਗੂਲਰ ਕਰਕੇ ਨਗਰ ਨਿਗਮ ਦੀ ਪਾਣੀ ਅਤੇ ਸੀਵਰੇਜ਼ ਦੀ ਆਮਦਨ ਵਿੱਚ ਵਾਧਾ ਕਰਨ ਲਈ ਕਿਹਾ ਗਿਆ।

| | |
|---|---|
| ਮਤਾ ਨੰਬਰ 305: | ਮੀਟਿੰਗ ਵਿੱਚ ਪੇਸ਼ ਸਾਲ 2024-2025 ਦੇ ਬਜਟ ਦੀਆਂ ਸਾਰੀਆਂ ਮੱਦਾਂ ਤੇ ਵਿਚਾਰ ਕਰਦੇ ਹੋਏ ਅਤੇ ਰੈਂਟ ਦੀ ਆਮਦਨ 50.00 ਲੱਖ ਰੁਪਏ ਘਟਾ ਕੇ 180.00 ਲੱਖ ਰੁਪਏ ਅਤੇ ਵਿਗਿਆਪਨ ਕਰ ਦੀ ਆਮਦਨ 225.00 ਲੱਖ ਰੁਪਏ ਤੋਂ ਵਧਾ ਕੇ 275.00 ਲੱਖ ਰੁਪਏ ਦੀ ਸੋਧ ਕਰਦੇ ਹੋਏ ਸਾਲ 2024-2025 ਦੇ ਬਜਟ ਦੀ ਸਰਵ-ਸੰਮਤੀ ਨਾਲ ਪ੍ਰਵਾਨਗੀ ਦਿੱਤੀ ਜਾਂਦੀ ਹੈ। |

ਆਖੀਰ ਵਿੱਚ ਧੰਨਵਾਦ ਨਾਲ ਮੀਟਿੰਗ ਖਤਮ ਕੀਤੀ ਗਈ।

ਸਹੀ/-
ਕਾਰਜਕਾਰੀ ਮੇਅਰ
-ਕਮ-ਸੀਨੀਅਰ ਡਿਪਟੀ ਮੇਅਰ
ਨਗਰ ਨਿਗਮ, ਬਠਿੰਡਾ।